BRAMPTON

Media Release

ਤੁਰੰਤ ਰਿਲੀਜ ਲਈ

# ਐਕਸਪਲੋਰ ਬ੍ਰੈਂਪਟਨ ਯੂਥ ਪਾਸ ਲਈ ਅਰਜ਼ੀਆਂ ਹੁਣ ਖੁੱਲ ਗਈਆਂ ਹਨ

ਬ੍ਰੈਂਪਟਨ, ਓਨਟੈਰੀਓ (27 ਮਾਰਚ, 2023) – ਐਕਸਪਲੋਰ ਬ੍ਰੈਂਪਟਨ ਯੂਥ ਪਾਸ (Explore Brampton Youth Pass) ਦੇ ਨਾਲ, ਇਸ ਗਰਮੀ ਬ੍ਰੈਂਪਟਨ ਵਿੱਚ ਘੁੰਮੋ ਅਤੇ ਕਿਰਿਆਸ਼ੀਲ ਰਹੋ।

ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਦੇ 12 ਤੋਂ 16 ਸਾਲ ਦੇ ਵਸਨੀਕਾਂ ਲਈ 2,000 ਐਕਸਪਲੋਰ ਬ੍ਰੈਂਪਟਨ ਯੂਥ ਪਾਸ ਪੇਸ਼ ਕਰ ਰਹੀ ਹੈ। ਪਾਸ ਵਾਲੇ ਵਿਅਕਤੀਆਂ ਦਾ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਤੇ ਕਿਰਾਇਆ ਮੁਫਤ ਹੋਵੇਗਾ ਅਤੇ ਉਹਨਾਂ ਦੀ ਬ੍ਰੈਂਪਟਨ ਰੇਕ੍ਰੀਏਸ਼ਨ ਦੇ ਚੋਣਵੇਂ ਡ੍ਰੌਪ-ਇਨ (ਬਿਨਾਂ ਬੁੱਕ ਕੀਤੇ) ਪ੍ਰੋਗਰਾਮਾਂ ਤੱਕ ਮੁਫਤ ਪਹੁੰਚ ਹੋਵੇਗੀ, ਇਹਨਾਂ ਵਿੱਚ ਸ਼ਾਮਲ ਹਨ, ਤੈਰਾਕੀ, ਸਕੇਟਿੰਗ ਅਤੇ ਚੋਣਵੀਆਂ ਸਪੋਰਟਸ।

ਐਕਸਪਲੋਰ ਬ੍ਰੈਂਪਟਨ ਯੂਥ ਪਾਸ ਲਈ ਅਰਜ਼ੀ ਫਾਰਮ ਅੱਜ ਖੁੱਲ ਰਹੇ ਹਨ। ਇਹ ਪਾਸ 1 ਜੁਲਾਈ ਤੋਂ 4 ਸਤੰਬਰ, 2023 ਤੱਕ ਵੈਧ ਹਨ।

2022 ਵਿੱਚ, ਸਿਟੀ ਕਾਉਂਸਿਲ (City Council) ਨੇ, ਪੂਰੀ ਸਿਟੀ ਦੇ ਨੌਜਵਾਨਾਂ ਲਈ ਪਹੁੰਚ ਅਤੇ ਮੌਕਿਆਂ ਨੂੰ ਵਧਾਉਣ ਦੇ ਉਦੇਸ਼ ਨਾਲ, ਪਾਇਲਟ ਪ੍ਰੋਗਰਾਮ ਦੀ ਪੁਸ਼ਟੀ ਕੀਤੀ ਸੀ। ਫਿਟਨੈਸ ਤੈਰਾਕੀ ਅਤੇ ਬਾਸਕੇਟਬਾਲ ਵਰਗੇ ਤਿੰਨ ਵੱਡੇ ਰੇਕ੍ਰੀਏਸ਼ਨ ਡ੍ਰੌਪ-ਇਨ ਪ੍ਰੋਗਰਾਮਾਂ ਦੇ ਨਾਲ, 1,200 ਤੋਂ ਵੱਧ ਅਰਜ਼ੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਸੀ।

ਐਕਸਪਲੋਰ ਬ੍ਰੈਂਪਟਨ ਯੂਥ ਪਾਸ ਬਾਰੇ ਵਧੇਰੇ ਜਾਣਕਾਰੀ ਲਈ ਅਤੇ ਅਪਲਾਈ ਕਰਨ ਵਾਸਤੇ, ਇੱਥੇ ਕਲਿੱਕ ਕਰੋ (click here)।

ਸਿਟੀ ਆਫ ਬ੍ਰੈਂਪਟਨ ਨੂੰ ਨੌਜਵਾਨਾਂ ਲਈ ਵਾਧੇ ਅਤੇ ਵਿਕਾਸ ਦੇ ਮੌਕਿਆਂ ਲਈ ਇਸਦੀ ਸ਼ਾਨਦਾਰ ਵਚਨਬੱਧਤਾ ਲਈ ਸਨਮਾਨਿਤ ਕੀਤਾ ਗਿਆ ਹੈ, ਇਸਨੂੰ ਬੀਤੇ ਸਾਲਾਂ ਵਿੱਚ ਤਿੰਨ ਵਾਰ, ਪਲੇ ਵਰਕਸ (Play Works) ਵੱਲੋਂ ਪਲੈਟੀਨਮ ਸਟੇਟਸ ਯੂਥ ਫ੍ਰੈਂਡਲੀ ਕਮਿਉਨਿਟੀ (Platinum Status Youth Friendly Community) ਪਦਵੀ ਪ੍ਰਾਪਤ ਹੋਈ ਹੈ, ਜੋ ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ (Parks and Recreation Ontario) ਦੀ ਹਿਮਾਇਤ ਵਾਲਾ ਪ੍ਰੋਗਰਾਮ ਹੈ।

**ਹਵਾਲੇ**

"ਇਹ ਪ੍ਰੋਗਰਾਮ, ਸਿਹਤਮੰਦ, ਖੁਸ਼ਹਾਲ ਅਤੇ ਸੰਪੰਨ ਸ਼ਹਿਰ ਬਣਾਉਂਦੇ ਹੋਏ, ਸਾਡੀ ਕਮਿਉਨਿਟੀ ਵਿੱਚ ਨੌਜਵਾਨਾਂ ਲਈ ਪਹੁੰਚ ਅਤੇ ਮੌਕੇ ਵਧਾਉਣ ਬਾਰੇ ਹੈ। ਅਸੀਂ ਜਾਣਦੇ ਹਾਂ ਕਿ ਖੇਡਾਂ ਅਤੇ ਮਨੋਰੰਜਨ ਤੱਕ ਪਹੁੰਚ ਦੀ ਇਜਾਜ਼ਤ ਦੇਣ ਲਈ, ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਨੈੱਟਵਰਕ ਬਣਾਉਣ ਅਤੇ ਰੁਕਾਵਟਾਂ ਨੂੰ ਦੂਰ ਕਰਨ ਨਾਲ, ਅਜਿਹੀਆਂ ਆਦਤਾਂ ਪੈਦਾ ਕਰਨ ਅਤੇ ਸਬੰਧ ਜੋੜਨ ਵਿੱਚ ਮਦਦ ਮਿਲਦੀ ਹੈ, ਜਿਹਨਾਂ ਦਾ ਨੌਜਵਾਨਾਂ ਦੇ ਜੀਵਨ ਵਿੱਚ ਲੰਮੇ ਸਮੇਂ ਤੱਕ ਅਸਰ ਹੁੰਦਾ ਹੈ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸੁਰੱਖਿਅਤ ਅਤੇ ਸਿਹਤਮੰਦ ਕਮਿਉਨਿਟੀਜ ਬਣਾਉਣ ਵਾਸਤੇ ਪਹੁੰਚਯੋਗ ਪ੍ਰੋਗਰਾਮਿੰਗ ਲਈ ਵਚਨਬੱਧਤਾ ਜ਼ਰੂਰੀ ਹੈ ਅਤੇ ਐਕਸਪਲੋਰ ਬ੍ਰੈਂਪਟਨ ਯੂਥ ਪਾਸ ਇਸ ਵਚਨਬੱਧਤਾ ਦੀ ਹਿਮਾਇਤ ਕਰਦਾ ਹੈ। ਸਿਟੀ ਵਿੱਚ ਸਾਡੇ ਸਾਰੇ ਰੇਕ੍ਰੀਏਸ਼ਨ ਸੈਂਟਰਾਂ ਵਿੱਚ ਬਹੁਤ ਕੁਝ ਪੇਸ਼ ਕੀਤਾ ਜਾਂਦਾ ਹੈ। ਬ੍ਰੈਂਪਟਨ ਦਾ ਹਰ ਕੋਨਾ,

ਮੌਕਿਆਂ ਨਾਲ ਭਰਪੂਰ ਹੈ, ਭਾਵੇਂ ਨਵੀਂ ਟੀਮ ਲੱਭਣੀ ਹੋਵੇ, ਤੈਰਾਕੀ, ਸਕੇਟਿੰਗ, ਹਾਈਕਿੰਗ ਜਾਂ ਬਾਈਕਿੰਗ ਕਰਨੀ ਹੋਵੇ। ਸਾਡਾ ਇੱਕ ਅਸਧਾਰਨ ਟ੍ਰਾਂਸਪੋਰਟੇਸ਼ਨ ਨੈੱਟਵਰਕ ਵੀ ਹੈ, ਅਸੀਂ ਸਾਡੀ ਕਮਿਉਨਿਟੀ ਨੂੰ ਜੋੜਦੇ ਹੋਏ ਅਤੇ ਸੰਭਾਵਨਾ ਪ੍ਰਦਾਨ ਕਰਦੇ ਹੋਏ ਇਸ ਉੱਤੇ ਨਿਰਭਰ ਕਰਦੇ ਹਾਂ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca